ਅਰਮਾਨ (ARMAAN)
(An International Multidisciplinary, Open Access
Peer-Reviewed & Indexed Research Journal)
Vol. 3 | Issue 4 | Oct.-Dec. 2025

ISSN: 2583-9446 (O)
Paper Published Id: ARMN030412
Available online at: www.armaan.org.in
DOI: https://doi.org/10.64119/armaan.vol.3.issue4.12

# ਪ੍ਰੋ. ਪੂਰਨ ਸਿੰਘ ਦਾ ਸਾਹਿਤਕ, ਅਧਿਆਤਮਕ ਅਤੇ ਭਾਸ਼ਾਈ ਖੇਤਰ ਵਿਚ ਯੋਗਦਾਨ

# Prof. Puran Singh Da Sahitak, Adhiyatamak Ate Bhashai Khetr Vich Yogdan

**ਰਮਨਦੀਪ ਕੌਰ (Ramandeep Kaur)**
**ਖੋਜਾਰਥਣ, ਪੰਜਾਬੀ ਵਿਭਾਗ (Research Scholar, Dept. of Punjabi)**
**ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਜਾਬ)**
**Email ID: Kaurdeepraman1991@gmail.com ਮੋਬਾਈਲ: +91-9115900030**

**ਸਾਰ (Abstract)**

*ਪ੍ਰੋ. ਪੂਰਨ ਸਿੰਘ ਪੰਜਾਬੀ ਸਾਹਿਤ ਦੇ ਮਹਾਨ ਅਤੇ ਪ੍ਰਤਿਭਾਵਾਨ ਲੇਖਕ ਸਨ। ਆਪ ਦੀ ਤੁਲਨਾ ਉਨ੍ਹਾਂ ਦੇ ਸਮਕਾਲੀ ਮਹਾਂ ਕਵੀਆਂ ਇਕਬਾਲ ਅਤੇ ਟੈਗੋਰ ਨਾਲ ਕੀਤੀ ਜਾਂਦੀ ਰਹੀ ਹੈ। ਪ੍ਰੋ. ਪੂਰਨ ਸਿੰਘ ਮਹਾਂ ਕਵੀ ਅਤੇ ਮਹਾਨ ਗੱਦ ਲੇਖਕ ਹੋਣ ਦੇ ਨਾਲ-ਨਾਲ ਉੱਚ ਕੋਟੀ ਦੇ ਵਿਚਾਰਵਾਨ ਤੇ ਮਹਾਨ ਚਿੰਤਕ ਵੀ ਸਨ। ਉਸ ਦਾ ਅਨੁਭਵ ਬਹੁਤ ਹੀ ਵਿਸ਼ਾਲ, ਗਹਿਰ ਗੰਭੀਰ ਤੇ ਵੰਨ-ਸੁਵੰਨਤਾ ਭਰਪੂਰ ਸੀ। ਉਸ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਸਾਰੇ ਪ੍ਰਭਾਵ ਗ੍ਰਹਿਣ ਕੀਤੇ। ਉਚੇਰੀ ਸਿੱਖਿਆ ਲਈ ਜਦੋਂ ਜਾਪਾਨ ਗਏ ਤਾਂ ਆਪ ਬੁੱਧ ਧਰਮ ਤੋਂ ਪ੍ਰਭਾਵਿਤ ਹੋ ਕੇ ਬੋਧ-ਭਿਖਸ਼ੂ ਬਣ ਗਏ ਫਿਰ ਸਵਾਮੀ ਰਾਮ ਤੀਰਥ ਦੇ ਸੰਪਰਕ ਵਿਚ ਆ ਕੇ ਵੇਦਾਂਤੀ ਸੰਨਿਆਸੀ ਬਣ ਗਏ। 1912 ਈਸਵੀ ਦੀ ਸਿੱਖ ਵਿਦਿਅਕ ਕਾਨਫਰੰਸ ਦੌਰਾਨ ਜਦੋਂ ਉਹ ਭਾਈ ਵੀਰ ਸਿੰਘ ਦੇ ਸੰਪਰਕ ਵਿਚ ਆਏ ਤਾਂ ਫਿਰ ਸਿੱਖ ਰਹੱਸਵਾਦੀ ਸਾਧਕ ਬਣ ਗਏ।*

***ਕੀਵਰਡ (Keyword):*** *ਸਾਹਿਤਕ, ਅਧਿਆਤਮਕ, ਭਾਸ਼ਾ, ਰਹੱਸਵਾਦ, ਆਧੁਨਿਕ, ਬੋਧ ਅਤੇ ਚਿੰਤਕ।*

ਆਧੁਨਿਕ ਪੰਜਾਬੀ ਕਾਵਿ ਦੇ ਇਸ ਮਹਾਨ ਕਵੀ ਤੇ ਦਾਰਸ਼ਨਿਕ ਵਿਦਵਾਨ ਦਾ ਜਨਮ 17 ਫਰਵਰੀ 1881 ਈਸਵੀ ਨੂੰ ਐਬਟਾਬਾਦ (ਪਾਕਿਸਤਾਨ) ਦੇ ਪਿੰਡ ਸਲਹੱਡ ਵਿਖੇ ਹੋਇਆ। ਆਪ ਜੀ ਦੇ ਪਿਤਾ ਸ. ਕਰਤਾਰ ਸਿੰਘ ਮਾਲ ਵਿਭਾਗ ਵਿਚ ਕਾਨੂੰਗੋ ਸਨ ਅਤੇ ਮਾਤਾ ਪਰਮਾ ਦੇਵੀ ਧਾਰਮਿਕ ਵਿਚਾਰਾਂ ਵਾਲੀ ਸੁੱਘੜ ਤੇ ਸੁਸ਼ੀਲ ਔਰਤ ਸੀ। ਕਿਰਪਾਲ ਸਿੰਘ ਕਸੇਲ ਅਨੁਸਾਰ,

> *"ਜਿਸ ਵਿਚ ਜਨਮ ਤੋਂ ਵਿਧਾਤਾ ਨੇ ਪਵਿੱਤਰ ਰੂਹ ਨੂੰ ਸੁਤੰਤਰ ਕਰਕੇ ਮਹਾਨ, ਭਾਵੀ ਤੇ ਤੇਜਸਵੀ ਸ਼ਖ਼ਸੀਅਤ ਦਾ ਰੂਪ ਬਖ਼ਸ਼ ਮਹਾਨ ਚਿੰਤਕ ਤੇ ਮਹਾਨ ਲੇਖਕ ਤੇ ਕਵੀ ਦੀ ਪ੍ਰਤਿਭਾ ਨੂੰ ਸਾਕਾਰ ਕਰ ਦਿੱਤਾ ਸੀ। ਜਿਸ ਦੇ ਜੀਵਨ ਦਾ ਇਕ ਇਕ ਪਲ ਉਸ ਰੱਬੀ ਤੇ ਜਮਾਲੀ ਸੁਪਨਿਆਂ ਨੂੰ ਸਾਖਿਆਤ ਕਰਨ ਤੇ ਲੱਗਾ ਤੇ ਜਿਸ ਨੇ ਪੂਰਬੀ ਤੇ ਪੱਛਮੀ, ਪ੍ਰਾਚੀਨ ਤੇ ਆਧੁਨਿਕ, ਅਰਸ਼ੀ ਤੇ ਫ਼ਰਸ਼ੀ ਗਿਆਨ ਵਿਗਿਆਨ ਕਲਾ ਤੇ ਸੰਸਕ੍ਰਿਤੀ ਨੂੰ ਇੱਕੋ ਤੱਕਣੀ ਨਾਲ ਘੋਖ ਲਿਆ ਉਸ ਦਾ ਆਰ-ਪਾਰ ਜਾਣ ਲਿਆ ਹੋਵੇ।"[1]*

ਵੀਹਵੀਂ ਸਦੀ ਦੇ ਪੰਜਾਬੀ ਕਾਵਿ ਦੇ ਇਤਿਹਾਸ ਵਿਚ ਪੂਰਨ ਸਿੰਘ ਕਾਵਿ-ਵਿਲੱਖਣ, ਕਾਵਿ-ਪ੍ਰਤਿਭਾ ਦੀ ਸੁਤੰਤਰ ਤੇ ਸਹਿਜ ਕਾਰਜਸ਼ੀਲਤਾ ਦਾ ਪ੍ਰਤੱਖ ਪ੍ਰਮਾਣ ਹੈ, ਉਸ ਦੀ ਸਮੁੱਚੀ ਦ੍ਰਿਸ਼ਟੀ ਖੁੱਲ੍ਹ/ਸੁਤੰਤਰਤਾ ਦੇ ਸਿਧਾਂਤ ਉਪਰ ਕੇਂਦਰਿਤ ਹੈ ਅਤੇ ਇਹੀ ਖੁੱਲ੍ਹ/ਸੁਤੰਤਰਤਾ ਉਸ ਦੇ ਕਾਵਿ ਵਿਹਾਰ ਦਾ ਕੇਂਦਰੀ ਪਛਾਣ ਸੂਤਰ ਵੀ ਹੈ। ਕਲਪਨਾ ਸ਼ਕਤੀ ਦੀ ਮੁਕਤ ਕਿਰਿਆਸ਼ੀਲਤਾ, ਭਾਵਨਾਵਾਂ ਦਾ ਸੁਤੰਤਰ ਵੇਗ, ਸੁੰਦਰਤਾ ਦੀ ਖਿੱਚ, ਆਦਰਸ਼ ਪ੍ਰਤੀ ਸਹਿਜ ਝੁਕਾਉ, ਪੂਰਨ ਸਿੰਘ ਕਾਵਿ ਦੇ ਉੱਘੜਵੇਂ ਗੁਣ/ਲੱਛਣ ਹਨ। ਇਨ੍ਹਾਂ ਗੁਣਾਂ ਦਾ ਸੁਮੇਲ ਪ੍ਰਾਪਤ ਯਥਾਰਥ ਦੀ ਸਤਹੀ ਦਿੱਖ ਹੇਠਾਂ ਡੂੰਘੀਆਂ ਤਹਿਆਂ ਦੇ ਵਿਆਪਤ ਆਦਰਸ਼ ਦੀ ਪਛਾਣ ਕਰਵਾਉਂਦਾ ਹੈ। ਇਹ ਦਿਸਦੇ, ਸੀਮਿਤ ਤੇ ਅਸਥਾਈ ਯਥਾਰਥਕ ਰੂਪਾਂ ਤੋਂ ਅਗਾਂਹ ਅਣਦਿਸਦੇ, ਅਸੀਮਤ ਤੇ ਸਦੀਵੀ ਆਦਰਸ਼ ਰੂਪਾਂ ਨੂੰ ਦੇਖਣ ਦੇ ਵੀ ਸਮਰੱਥ ਹੈ ਅਤੇ ਯਥਾਰਥ ਤੇ ਆਦਰਸ਼ ਵਿਚਲੀ ਵਿੱਥ ਨੂੰ ਮੇਟਣ ਦੀ ਵਿਸ਼ੇਸ਼ਤਾ ਦੀ ਵੀ ਧਾਰਨੀ ਹੈ। ਪ੍ਰਬਲ ਭਾਵਨਾਵਾਂ ਪੂਰਨ ਸਿੰਘ ਕਾਵਿ ਦੀ ਸਮੱਗਰੀ ਹਨ, ਅਸਾਧਾਰਣ ਕਲਪਨਾ ਸ਼ਕਤੀ ਇਸਦੀ ਸੰਗਠਨਕਾਰੀ ਸ਼ਕਤੀ ਹੈ, ਆਦਰਸ਼ ਇਸ ਦੀ ਦਿਸ਼ਾ ਅਤੇ ਖੁੱਲ੍ਹ ਇਸ ਦੀ ਸਹਿਜ ਪ੍ਰਕਿਰਤੀ ਦਾ ਸਿਰਜਕ ਸੂਤਰ ਹੈ। ਪੂਰਨ ਸਿੰਘ ਦੇ ਰਚਿਤ ਕਾਵਿ ਸੰਗ੍ਰਹਿ ਦੇ ਸਿਰਲੇਖ ਖੁੱਲ੍ਹੇ ਮੈਦਾਨ, ਖੁੱਲ੍ਹੇ ਘੁੰਡ ਤੇ ਖੁੱਲ੍ਹੇ ਅਸਮਾਨੀ ਰੰਗ ਦੇ ਕੇਂਦਰੀ ਸੂਤਰ ਖੁੱਲ੍ਹੇ ਦੁਆਰੇ ਹੀ ਹੋਣ ਦੇ ਲਖਾਇਕ ਹਨ। ਪੂਰਨ ਸਿੰਘ ਦੀ ਸਮੁੱਚੀ ਕਾਵਿ-ਰਚਨਾ ਖੁੱਲ੍ਹ ਕੇਂਦਰਿਤ ਅਨੁਭਵ ਦੇ ਵਿਭਿੰਨ ਰੂਪਾਂ ਦੀ ਪੁਨਰ ਸਿਰਜਣਾ ਹੈ। ਡਾ. ਹਰਚਰਨ ਸਿੰਘ ਅਨੁਸਾਰ,

> *"ਪੂਰਨ ਸਿੰਘ ਵਰਗੇ ਅਦੁੱਤੀ ਤੇ ਅਲੌਕਿਕ ਵਿਅਕਤੀ ਸਦੀਆਂ ਵਿਚ ਕਦੇ-ਕਦੇ ਹੀ ਪ੍ਰਗਟ ਹੁੰਦੇ ਹਨ। ਆਪ ਦੀ ਸ਼ਖ਼ਸੀਅਤ ਦੇ ਵਿਸ਼ੇਸ਼ ਗੁਣ ਅਪਾਰ ਅਲਮਸਤੀ ਅਤੇ ਪੂਰਨ ਖੁੱਲ੍ਹ ਸੀ। ਆਪ ਹਰ ਪ੍ਰਕਾਰ ਦੀ ਖੁੱਲ੍ਹ ਦੇ ਆਸ਼ਕ ਸਨ। ਆਪ ਦੀਆਂ ਪੰਜਾਬੀ ਵਿਚ ਪ੍ਰਮੁੱਖ ਪੁਸਤਕਾਂ ਦੇ ਨਾਂ ਆਪ ਦੇ ਖੁੱਲ੍ਹੇ ਖੁਲਾਂ ਦੇ ਸੁਭਾ ਦੇ ਸੂਚਕ ਹਨ।"[2]*

ਪ੍ਰੋਫੈਸਰ ਪੂਰਨ ਸਿੰਘ ਦਾ ਪੰਜਾਬੀ ਸਾਹਿਤ ਵਿਚ ਨਿਵੇਕਲਾ ਯੋਗਦਾਨ ਹੈ। ਉਸ ਦੀ ਰਚਨਾ ਵਿਚ ਰਹੱਸਵਾਦ ਅਤੇ ਧਾਰਮਿਕ ਰੰਗਤ ਦਾ ਅਸਰ ਹੈ। ਉਸ ਦੇ ਵਿਲੱਖਣ ਅੰਦਾਜ਼ ਦਾ ਪ੍ਰਭਾਵ ਹਰੇਕ ਨਿਬੰਧ, ਕਵਿਤਾ ਵਿਚੋਂ ਝਲਕਾਰੇ ਮਾਰਦਾ ਹੈ। ਉਸ ਨੇ ਪੰਜਾਬੀ ਤੋਂ ਇਲਾਵਾ ਹਿੰਦੀ ਅਤੇ ਅੰਗਰੇਜ਼ੀ ਵਿਚ ਵੀ ਰਚਨਾਵਾਂ ਪ੍ਰਕਾਸ਼ਿਤ ਕਰਵਾਈਆਂ। ਉਨ੍ਹਾਂ ਦੇ ਸਮੁੱਚੇ ਸਾਹਿਤਕ ਯੋਗਦਾਨ ਦਾ ਵੇਰਵਾ ਨਿਮਨ ਲਿਖਤ ਹੈ;

ਅੰਗਰੇਜ਼ੀ ਰਚਨਾਵਾਂ –

- *The sisters of spinning wheel -1921.*
- *Unstrug beeds-1923*
- *The spirit of Oriental poetry – 1926*
- *The book of ten masters*
- *The life of swami Ramtirath*
- *The voice of winds and waters*
- *Guru Nanak's Rabab*
- *My baba*
- *Guru Gobind Singh*
- *On paths of life.*

ਪੰਜਾਬੀ ਰਚਨਾਵਾਂ -(ਕਾਵਿ ਸੰਗ੍ਰਹਿ)

- *ਖੁੱਲ੍ਹੇ ਮੈਦਾਨ -1922,*
- *ਖੁੱਲ੍ਹੇ ਘੁੰਡ -1923*
- *ਖੁੱਲ੍ਹੇ ਅਸਮਾਨੀ ਰੰਗ -1927(ਪ੍ਰਕਾਸ਼ਨਾ 1965, ਮੌਤ ਉਪਰੰਤ )*

ਨਾਵਲ- *ਪ੍ਰਕਾਸਿਨਾ, ਭਗੀਰਥ*

ਹੋਰ- *ਖੁੱਲ੍ਹੇ ਲੇਖ (ਨਿਬੰਧ ਸੰਗ੍ਰਹਿ)*

ਅਨੁਵਾਦ- *ਅਬਚਲੀ ਜੋਤ, ਕਲਾ ਤੇ ਕਲਾਧਾਰੀ ਪੂਜਾ, ਬੌਣੇ ਬੂਟੇ, ਸੋਹਣੀ, ਮੌਲਾ ਸ਼ਾਹ, ਮੋਇਆਂ ਦੀ ਜਾਗ*

ਪ੍ਰੋ. ਪੂਰਨ ਸਿੰਘ ਕਵਿਤਾਵਾਂ ਦਾ ਸੰਪਾਦਨ ਡਾ. ਮਹਿੰਦਰ ਸਿੰਘ ਰੰਧਾਵਾ ਵੱਲੋਂ 'ਪੂਰਨ ਸਿੰਘ:ਜੀਵਨ ਅਤੇ ਕਵਿਤਾ' ਨਾਂ ਹੇਠ ਵੀ ਕੀਤਾ ਗਿਆ ਹੈ। ਪ੍ਰੋ. ਪੂਰਨ ਸਿੰਘ ਨੇ ਖੁੱਲ੍ਹੀ ਕਵਿਤਾ ਦਾ ਆਗਾਜ਼ ਵਾਲਟ ਵਿਟਮੈਨ ਦੀ ਕਵਿਤਾ ਦੀ ਪੁਸਤਕ 'ਘਾਹ ਦੀਆਂ ਪੱਤੀਆਂ' ਤੋਂ ਪ੍ਰਭਾਵਿਤ ਹੋ ਕੇ ਕੀਤੀ। 'ਖੁੱਲ੍ਹੇ ਮੈਦਾਨ' ਪੰਜਾਬੀ ਖੁੱਲ੍ਹੀ ਕਵਿਤਾ ਦੀ ਪਹਿਲੀ ਪੁਸਤਕ ਅਤੇ 'ਪੂਰਨ ਨਾਥ ਜੋਗੀ' ਪਹਿਲੀ ਖੁੱਲ੍ਹੀ ਕਵਿਤਾ ਹੈ। ਪੂਰਨ ਸਿੰਘ ਸਾਕਾਰ ਪ੍ਰਤਿਭਾ ਹੈ, ਉਹ ਦਾਰਸ਼ਨਿਕ ਚਿੰਤਕ, ਪ੍ਰਕਿਰਤੀ-ਪੂਜਕ ਤੇ ਮਹਾਨ ਸਾਹਿਤਕਾਰ ਹੈ। ਸਾਹਿਤ ਜੀਵਨ ਸਾਗਰ ਦੀ ਇਕ ਅਜਿਹੀ ਤਰੰਗ ਹੈ ਜਿਸ ਵਿਚੋਂ ਸਾਹਿਤਕਾਰ ਦਾ ਅੰਦਰਲਾ ਫੁੱਟ-ਫੁੱਟ ਪੈਂਦਾ ਹੈ। ਪੂਰਨ ਸਿੰਘ ਦੀ ਸਾਹਿਤਕਤਾ ਦੀ ਕਲਾ ਮੰਦਰ ਦੀ ਨੀਂਹ ਉਸ ਦੀ ਗੰਭੀਰ ਅਧਿਆਤਮਕਤਾ, ਡੂੰਘੀ ਬੌਧਿਕਤਾ, ਵਿਲੱਖਣ ਭਾਵੁਕਤਾ, ਜੀਵਨ ਰੰਗੇ ਅਨੁਭਵ, ਛਲਕਦੇ ਵਲਵਲੇ, ਪ੍ਰਾਚੀਨ ਤੇ ਆਧੁਨਿਕ ਸੰਵੇਦਨਾ, ਮਨੁੱਖਤਾ ਦਾ ਵਿਸ਼ਾਲ ਅਧਿਐਨ ਤੇ ਜੇਤੂ ਪਿਆਰ ਦੇ ਪ੍ਰਯੋਗ ਉਤੇ ਖੜੀ ਹੈ। ਇਹੋ ਕਾਰਣ ਹੈ ਕਿ ਇਸ ਵਿਚ ਸਦੀਵਤਾ ਦਾ ਸੰਗੀਤ ਹੈ, ਅਮਰਤਾ ਦਾ ਪ੍ਰਵਾਹ ਹੈ, ਚਿਰੰਜੀਵਤਾ ਦਾ ਪ੍ਰਕਾਸ਼ ਹੈ, ਲੋਕ ਪ੍ਰਿਯਤਾ ਦੀ ਸ਼ਕਤੀ ਹੈ ਤੇ ਮਧੁਰਤਾ ਦੀ ਬੋਲੀ ਹੈ। ਪ੍ਰੋ. ਪੂਰਨ ਸਿੰਘ ਦੀਆਂ ਸਾਹਿਤਕ ਰਚਨਾਵਾਂ ਵਿਚ ਉਸ ਦੀ ਅਧਿਆਤਮਕ ਰੁਚੀ ਪ੍ਰਮੁੱਖ ਹੈ। ਉਹ ਆਪਣੇ ਖੁੱਲ੍ਹੇ ਸੁਭਾਅ ਅਨੁਸਾਰ 'ਖੁੱਲ੍ਹੇ ਲੇਖ', 'ਖੁੱਲ੍ਹੇ ਘੁੰਡ', 'ਖੁੱਲ੍ਹੇ ਮੈਦਾਨ' ਵਿੱਚ ਖੁੱਲ੍ਹਾਂ ਮਾਣਦਾ ਹੋਇਆ ਵੀ ਆਤਮਾ ਦੀਆਂ ਪੀਡੀਆਂ ਗੁੰਝਲਾਂ ਨੂੰ ਖੋਲਣ ਦੇ ਆਹਰ ਵਿਚ ਜੁਟਿਆ ਪ੍ਰਤੀਤ ਹੁੰਦਾ ਹੈ। ਇਸ ਦਾ ਇਹ ਅੰਸ਼ ਹਰ ਥਾਂ ਮੌਜੂਦ ਹੈ, ਭਾਵੇਂ ਉਹ ਮਾਂ ਹਿਰਦੇ ਦੇ ਝਰੋਖੇ ਵਿੱਚੋਂ ਝਾਕ ਰਿਹਾ ਹੋਵੇ, ਭਾਵੇਂ ਗੁਰੂ ਦੇਵ ਦੇ ਘੋੜੇ ਦੇ ਟਾਪ ਦਾ ਸੰਗੀਤ ਸੁਣ ਰਿਹਾ ਹੋਵੇ ਜਾਂ ਗੋਹੇ ਪੱਥਦੀ ਅਹੀਰਨ ਦੀ ਤਸਵੀਰ ਵਾਹ ਰਿਹਾ ਹੋਵੇ। ਜਸਵੰਤ ਸਿੰਘ ਜਸ ਅਨੁਸਾਰ,

> *"ਕਵਿਤਾ ਕਾਹਦੀ ਆਖੀ, ਵਲਵਲਿਆਂ ਦੇ ਹੜ੍ਹ ਵਗਾ ਦਿੱਤੇ, ਜਿਸ ਨੇ ਹੁਣ ਤੱਕ ਉਸਰੇ ਹੋਏ ਸਾਰੇ ਹੱਦ-ਬੰਨੇ ਢਾਹ ਕੇ ਨਵੇਂ ਵਹਿਣ ਪਾਏ। ਆਪ ਨੇ ਖੁੱਲ੍ਹਾਂ ਭਰਿਆ ਅਟਕ ਜੀਵਨ ਬਤੀਤ ਕੀਤਾ ਤੇ ਇਹ ਖੁੱਲ੍ਹਾਂ ਤੇ ਬੇਪਰਵਾਹੀਆਂ ਕਵਿਤਾ ਰਾਹੀਂ ਲੁਟਾਈਆਂ। ਕਵਿਤਾ ਕੇਵਲ ਆਖੀ ਹੀ ਨਹੀਂ, ਲਿਖੀ ਨਹੀਂ, ਸਗੋਂ ਜੀ ਕੇ ਵੇਖੀ ਹੈ।.... ਜਦ ਬੋਲਦਾ ਤਾਂ ਰੂਹਾਂ ਠਾਰ ਦਿੰਦਾ, ਜਦ ਲਿਖਦਾ ਤਾਂ ਕੜ ਤੋੜ ਛੱਡਦਾ। ਮਜਾਲ ਹੈ ਕਿਤੇ ਕਲਮ ਰੁਕੇ ਜਾਂ ਜਜ਼ਬੇ ਦੇ ਹੜ ਅੱਗੇ ਕੁਝ ਅੜ ਜਾਵੇ।"*[3]

ਪੂਰਨ ਸਿੰਘ ਅਨੋਖਾ, ਅਦਭੁਤ, ਅਲਬੇਲਾ, ਅਨੁਭਵੀ, ਪਿਆਰ ਵਿੱਚ ਲੀਨ ਕੋਮਲ ਪ੍ਰਤਿਭਾ ਵਾਲਾ ਕਵੀ ਹੈ। ਜੋ ਅਨੇਕਤਾਂ ਚੋਂ ਏਕਤਾ ਤੇ ਦੁਨੀਆਂ ਦੀ ਬਾਹਰਮੁਖੀ ਏਕਤਾ ਚੋਂ ਅਨੇਕਤਾ ਅਨੁਭਵ ਕਰਦਾ ਹੈ। ਉਹ ਅਦਿੱਸ ਰੱਬ ਨੂੰ ਰੂਪਮਾਨ ਤੇ ਰੂਪਮਾਨ ਨੂੰ ਅਨੋਖੀ ਅਰੂਪਤਾ ਦੇਣ ਦੀ ਸ਼ਕਤੀ ਰੱਖਦਾ ਹੈ। ਪੂਰਨ ਸਿੰਘ ਅਜਿਹਾ ਅਲਬੇਲਾ ਕਵੀ ਹੈ ਜੋ ਕਲਪਨਾ ਤੇ ਵਲਵਲਿਆਂ ਦੇ ਖੰਭ ਲਾ ਕੇ ਉੱਡ ਜਾਂਦਾ ਹੈ। ਉਸ ਅਨੁਸਾਰ ਸਾਹਿਤ ਸਿਰਫ਼ ਆਪਣੀ ਮਾਂ-ਬੋਲੀ ਵਿਚ ਹੀ ਰਚਿਆ ਜਾ ਸਕਦਾ ਹੈ। ਅਜਿਹਾ ਸਾਹਿਤ ਰੂਹ ਦੀ ਆਵਾਜ਼ ਹੁੰਦਾ ਹੈ ਤੇ ਦੇਸ਼-ਵਾਸੀਆਂ ਦੀ ਰੂਹ ਤੱਕ ਪਹੁੰਚਣ ਦੀ ਸਮਰੱਥਾ ਰੱਖਦਾ ਹੈ। ਉਸ ਅਨੁਸਾਰ ਮਾਂ ਦੇ ਦੁੱਧ ਦੀ ਮਿਠਾਸ ਵਿਚ ਪਲਿਆ ਸਾਹਿਤ ਪੱਥਰਾਂ ਤੇ ਰੁੱਖਾਂ ਨੂੰ ਰਹੱਸਮਈ ਕਰਨ ਦੀ ਸ਼ਕਤੀ ਰੱਖਦਾ ਹੈ। ਪੂਰਨ ਸਿੰਘ ਦੀ ਕਲਾ ਬਹੁਪੱਖੀ ਹੈ ਜਿਸ ਵਿਚ ਵਿਸ਼ਾਲਤਾ, ਡੂੰਘਾਈ ਤੇ ਉਚਾਈ ਤਿੰਨੇ ਗੁਣ ਆ ਜਾਂਦੇ ਹਨ। ਇਹ ਰੱਬੀ ਆਵੇਸ਼ ਤੋਂ ਜਨਮੀ ਹੋਣ ਕਰਕੇ ਰੱਬੀ ਵਿਸ਼ਾਲਤਾ ਬਣ ਜਾਂਦੀ ਹੈ। ਜਿਸ ਕਰਕੇ ਇਹ ਸਾਧਾਰਨ ਸੂਝ ਤੇ ਬੁੱਧੀ ਦੇ ਘੇਰੇ ਤੋਂ ਦੂਰ ਚਲੀ ਜਾਂਦੀ ਹੈ ਪਰ ਅਨੁਭਵੀ ਤੇ ਰਸਿਕ ਮਨਾਂ ਨੂੰ ਨਸ਼ਿਆਉਣ ਵਾਲੀ ਮਦ ਬਣ ਜਾਂਦੀ ਹੈ ਜਿਸ ਦੀ ਖੁਮਾਰੀ ਦਿਨ-ਰਾਤ ਰਹਿੰਦੀ ਹੈ।

ਪੂਰਨ ਸਿੰਘ ਬਹੁਪੱਖੀ ਕਲਾਕਾਰ ਹੁੰਦਾ ਹੋਇਆ ਵੀ ਇਕ ਪੱਖੀ ਹੈ ਭਾਵ ਅੰਦਰ ਦੀ ਆਤਮਕ ਲੈਅ ਨੂੰ ਅਨੁਭਵ ਕਰਨ ਵਾਲਾ ਉਸਦੀ ਸਾਰੀ ਰਚਨਾ ਵਿਚ ਇਕੋ ਸਿਧਾਂਤ ਲੀਨ ਦਿਸਦਾ ਹੈ। ਉਸ ਵਿੱਚ ਅੰਤਾਂ ਦੀ ਦੂਰਦਰਸ਼ੀ ਤੇ ਪਾਰਦਰਸ਼ੀ ਹੈ।

ਪੂਰਨ ਸਿੰਘ ਪੰਜਾਬ ਪਿਆਰ ਨਾਲ ਭਰਿਆ ਹੋਇਆ ਹੈ, ਪੰਜਾਬੀ ਸਭਿਅਤਾ ਦਾ ਉਪਾਸ਼ਕ ਹੈ। ਉਹ ਪੰਜਾਬ ਦੇ ਖੁੱਲ੍ਹੇ-ਡੁੱਲ੍ਹੇ, ਪਵਿੱਤਰ ਜੀਵਨ ਵਿਚ ਵਿਸਮਾਦੀ ਹੁਲਾਰਿਆਂ ਨਾਲ ਝੂਮਣ ਵਾਲਾ ਕਵੀ ਹੈ। ਉਹ ਪੰਜਾਬ ਦੇ ਸਾਂਝੇ ਪਿਆਰ ਦਾ ਉਪਾਸ਼ਕ ਹੈ ਉਹ ਦਰਿਆਵਾਂ ਨੂੰ ਪਿਆਰ ਹੀ ਨਹੀਂ ਬਲਕਿ ਉਨ੍ਹਾਂ ਨੂੰ ਗੱਲਵਕੜੀ ਪਾਉਣ ਲਈ ਉਤਾਵਲਾ ਹੈ। 'ਪੰਜਾਬ ਦੇ ਦਰਿਆ' ਕਵਿਤਾ ਵਿਚ ਪੂਰਨ ਸਿੰਘ ਲਿਖਦਾ ਹੈ-

*ਰਾਵੀ ਸੋਹਣੀ ਪਾਈ ਵਗਦੀ*
*ਮੈਨੂੰ ਸਤਲੁਜ ਪਿਆਰਾ ਤੇ*
*ਮੈਨੂੰ ਬਿਆਸ ਪਈ ਖਿੱਚਦੀ*
*ਮੈਨੂੰ ਝਨਾਂ ਵਾਜਾਂ ਮਾਰਦੀ*
*ਮੈਨੂੰ ਜੇਹਲਮ ਪਿਆਰਦਾ*[4]

ਉਸਨੂੰ ਪੰਜਾਬ ਜਿਹਾ ਕੋਈ ਹੋਰ ਮੁਲਖ ਨਹੀਂ ਦਿਸਦਾ। ਪੂਰਨ ਸਿੰਘ ਨੂੰ ਪੰਜਾਬ ਦੇ ਜਵਾਨ ਪਿਆਰੇ ਲਗਦੇ ਹਨ। ਉਸਨੂੰ 'ਕਿਰਤੀ' ਪਿਆਰ ਦਾ ਪੁਤਲਾ ਜਾਪਦਾ ਹੈ। ਉਹ ਪੰਜਾਬ ਦੇ ਜਵਾਨਾਂ ਦੀ ਨਿੰਡਰਤਾ ਤੋਂ ਪ੍ਰਭਾਵਿਤ ਹੋ ਕੇ ਬੇਪਰਵਾਹੀ ਨਾਲ ਗਾ ਉੱਠਦਾ ਹੈ -

*ਇਹ ਬੇਪਰਵਾਹ ਪੰਜਾਬ ਦੇ,*
*ਮੌਤ ਨੂੰ ਮਖੌਲਾਂ ਕਰਨ,*
*ਮਰਨ ਥੀਂ ਨਹੀਂ ਡਰਦੇ।*
*ਪਿਆਰ ਨਾਲ ਇਹ ਕਰਨ ਗੁਲਾਮੀ*
*ਜਾਨ ਕੋਹ ਅਪਣੀ ਵਾਰ ਦਿੰਦੇ*
*ਪਰ ਟੈਂ ਨਾ ਮੰਨਣ ਕਿਸੇ ਦੀ*[5]

ਪੁਰਾਣੇ ਪੰਜਾਬ ਦੀ ਸਭਿਅਤਾ ਨੂੰ ਬਿਨਸਦਾ ਦੇਖ, ਪੰਜਾਬੀਅਤ ਮਰਦੀ ਦੇਖ ਕੇ ਉਹ ਤਰਲੇ ਕਰਦਾ, ਕੂਕਣ ਲੱਗਦਾ ਹੈ। ਗੁਆਚੇ ਪੰਜਾਬ ਨੂੰ ਮੁੜ ਪਰਤ ਆਉਂਣ ਲਈ ਕਹਿੰਦਾ ਹੈ। ਉਸਦਾ ਪੰਜਾਬ 'ਸਿੱਖ ਪੰਜਾਬ' ਹੈ ਖੁੱਲਾਂ, ਡੁੱਲਾਂ ਤੇ ਸੂਰਬੀਰਾਂ ਦੀ ਧਰਤੀ ਹੈ ਤੇ ਜਾਂ ਉਹ ਪੰਜਾਬ ਹੈ ਜਿਸਨੇ ਦੁੱਧ, ਘਿਓ ਤੇ ਦਹੀਂ ਦੀਆਂ ਨਹਿਰਾਂ ਵਗਾਈਆਂ ਹੋਈਆਂ ਹਨ ਤੇ ਦੇਸ਼ ਦੀ ਨਿਰਬਲਤਾ ਨੂੰ ਦੂਰ ਕਰਨ ਦਾ ਬੀੜਾ ਚੁੱਕਿਆ ਹੋਇਆ ਹੈ। ਪੂਰਨ ਸਿੰਘ ਲਿਖਦਾ ਹੈ-

*ਆ ਪੰਜਾਬ-ਪਿਆਰ ਤੂੰ ਮੁੜ ਆ!*
*ਆ ਸਿੱਖ-ਪੰਜਾਬ ਤੂੰ ਘਰ ਆ!*
*ਆ! ਪੰਜਾਬ, ਤੂੰ ਮੁੜ ਆ, ਖਿੜੇ ਖਿੜੇ ਮੱਥੇ ਲਾ,*
*ਕਰੋੜਾਂ ਪੰਜਾਬ ਆ! ਇਕ ਆ , ਹਜ਼ਾਰ ਆ!*[6]

ਪੂਰਨ ਸਿੰਘ ਜਦ ਪੰਜਾਬ ਦੇ ਪਸ਼ੂ ਚਰਦੇ ਵੇਖਦਾ ਹੈ ਤਾਂ ਬਣਾਉਟੀ ਤੇ ਈਰਖਾ ਭਰੇ ਜੀਵਨ ਤੋਂ ਕਾਹਲਾ ਪੈਂਦਾ ਹੈ। ਪਸ਼ੂ ਉਸਨੂੰ ਰੱਬ ਦੇ ਵਧੇਰੇ ਨਜ਼ਦੀਕ ਜਾਪਦੇ ਹਨ। ਪਸ਼ੂਆਂ ਵਿਚਲੇ ਇਤਫ਼ਾਕ ਕਰਕੇ ਉਸਨੂੰ ਉਹ ਸੰਗਤ ਮਹਿਸੂਸ ਹੁੰਦੇ ਹਨ ਇਸੇ ਲਈ ਉਹ ਪਸ਼ੂ ਬਣਨਾ ਲੋਚਦਾ ਹੈ।

*ਦੇਖ ਦੇਖ ਮੁੜ ਮੁੜ ਲੋਚਾਂ,*
*ਮੈਂ ਮੁੜ ਪਸ਼ੂ ਥੀਣ ਨੂੰ,*
*ਆਦਮੀ ਬਣ ਬਣ ਥੱਕਿਆ*[7]

ਪੂਰਨ ਸਿੰਘ ਨੇ ਪੰਜਾਬੀ ਮਾਂ ਦੇ ਚਾਵਾਂ, ਮਲ੍ਹਾਰਾਂ, ਭਾਵਾਂ ਅਤੇ ਕੁਰਬਾਨੀਆਂ ਨੂੰ ਸਭ ਤੋਂ ਵੱਧ ਸਮਝਿਆ ਹੈ। ਉਹ ਪੰਜਾਬ ਦੇ ਖੂਹਾਂ ਤੇ ਪਾਣੀ ਭਰਦੀਆਂ, ਤ੍ਰਿੰਞਣਾਂ ਵਿਚ ਕੱਤਦੀਆਂ, ਭੱਠੀਆਂ ਤੇ ਦਾਣੇ ਭਨਾਉਂਦੀਆਂ ਕੁੜੀਆਂ ਦੀ ਸਫ਼ਲ ਤਸਵੀਰ ਵਾਹੁੰਦਾ ਹੈ। ਪੰਜਾਬ ਦੇ ਨਾਇਕ-ਨਾਇਕਾਵਾਂ ਨੂੰ ਪਿਆਰਦਾ-ਸਤਿਕਾਰਦਾ ਹੈ। ਉਹ ਪੰਜਾਬ ਦੇ ਸੂਫੀ, ਸੰਤਾਂ, ਭਗਤਾਂ, ਗੁਰੂਆਂ, ਪੰਜਾਬ ਦੀਆਂ ਬਾਰਾਂ, ਬਾਰਾਂ ਦੇ ਹਾਲੀ, ਬਲਦਾਂ ਨੂੰ ਪਿਆਰ ਕਰਦਾ ਹੈ। ਪ੍ਰੀਤ ਜਗਤ ਦੇ ਨਾਇਕ-ਨਾਇਕਾਵਾਂ ਪ੍ਰਤੀ ਉਸਦੀ ਅਪਾਰ ਸ਼ਰਧਾ ਹੈ ਅਤੇ ਉਹ ਹੀਰ ਨੂੰ ਭੈਣ ਤੇ ਰਾਂਝੇ ਨੂੰ ਭਰਾ ਆਖ ਕੇ ਅਵਾਜ਼ਾਂ ਮਾਰਦਾ ਹੈ -

*ਆ, ਵੀਰਾ ਰਾਂਝਿਆ,*
*ਆ, ਭੈਣੇਂ ਹੀਰੇ,*
*ਸਾਨੂੰ ਛੋੜ ਨਾ ਜਾਵੋ*
*ਬਿਨਾਂ ਤੁਸੀਂ ਅਸੀਂ ਸੱਖਣੇ*[8]

ਪੰਜਾਬੀਅਤ ਪੂਰਨ ਸਿੰਘ ਦੀ ਜਿੰਦ-ਜਾਨ ਹੈ । ਉਹ ਪੰਜਾਬੀਅਤ ਨੂੰ ਪਿਆਰ ਕਰਦਾ ਹੈ ਇਸ ਸੰਬੰਧੀ ਡਾ ਹਰਨਾਮ ਸਿੰਘ ਸ਼ਾਨ ਦਾ ਮੰਨਣਾ ਹੈ,

*"ਪ੍ਰੋਫੈਸਰ ਪੂਰਨ ਸਿੰਘ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਇਕ ਅਨੂਠੀ ਤੇ ਅਮੋਲਕ ਦਾਤ ਸਨ। ਪੰਜਾਬੀ ਸਾਹਿਤ ਦੇ ਤਾਂ ਆਪ ਮੋਢੀ ਉਸਰੱਈਆਂ ਵਿਚੋਂ ਹਨ। ਗਿਣਤੀ ਵਿਚ ਜਿਨਾਂ ਘੱਟ ਪਰ ਗੁਣ ਵਿਚ ਉਹ ਜਿਨਾਂ ਨਿਗਰ, ਲੀਹਾਂ ਪਾਊ ਤੇ ਲਾਭਦਾਇਕ ਉਨ੍ਹਾਂ ਲਿਖਿਆ ਉਹ ਸਾਡੀ ਬੋਲੀ, ਸਾਹਿਤ ਅਤੇ ਸੱਭਿਆਚਾਰ ਦੀ ਅਦੁੱਤੀ ਤੇ ਬਹੁਮੁੱਲੀ ਪੂੰਜੀ ਹੈ।"*[9]

ਪੂਰਨ ਸਿੰਘ ਬੇਸ਼ੱਕ ਕਿਸੇ ਵਲਵਲੇ ਦੇ ਵੇਗ ਵਿਚ ਹੀ ਲਿਖਦਾ ਸੀ ਪਰ ਫੇਰ ਵੀ ਉਸ ਦੀ ਕਵਿਤਾ/ਲਿਖਤ ਨੂੰ ਗਹੁ ਨਾਲ ਵਾਚਣ ਉਪਰੰਤ ਇਹ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਬੇਸ਼ੱਕ ਉਹ ਅਨੇਕਾਂ ਦੇਸ਼ਾਂ ਵਿਚ ਘੁੰਮਿਆ, ਉਨ੍ਹਾਂ ਦੇ ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਉਨ੍ਹਾਂ ਦਾ ਪ੍ਰਭਾਵ ਕਬੂਲਿਆ ਪਰ ਜਿਸ ਹੱਦ ਤੱਕ ਉਹ ਸਿੱਖ ਧਰਮ ਤੋਂ ਪ੍ਰਭਾਵਿਤ ਹੋਇਆ ਉਨ੍ਹਾਂ ਹੋਰ ਕਿਸੇ ਵੀ ਧਰਮ ਤੋਂ ਨਹੀਂ ਹੋਇਆ। ਬੇਸ਼ੱਕ ਉਸਨੇ ਸ਼ੈਲੇ ਦੇ 'ਫਿਲਾਸਫੀ ਆਫ ਲਵ' ਨੂੰ ਸਮਝਿਆ ਪਰ ਉਸ ਦਾ ਅਨੁਭਵ ਆਪਣੇ ਸਿੱਖ ਧਰਮ ਅਤੇ ਸਭਿਅਤਾ ਤੋਂ ਹੀ ਵਿਕਸਤ ਹੋਏ। ਪੰਜਾਬੀ ਬੋਲੀ ਦਾ ਗਿਆਨ ਹੀ ਉਸ ਲਈ ਗੁਰੂ ਦੀ ਵਰੋਸਾਈ ਹੋਈ ਬਖਸ਼ਿਸ਼ ਹੈ। ਪ੍ਰੋ. ਹਰਿੰਦਰ ਸਿੰਘ ਮਹਿਬੂਬ ਅਨੁਸਾਰ,

*"ਪ੍ਰੋ. ਪੂਰਨ ਸਿੰਘ ਦੀ ਕਵਿਤਾ ਇਕ ਅਜੀਬ ਕ੍ਰਿਸ਼ਮਾ ਵਿਖਾਉਂਦੀ ਹੈ। ਉਨ੍ਹਾਂ ਦੀ ਕਵਿਤਾ ਵਿਚ ਅਪਹੁੰਚ ਵਿਸ਼ਵ ਹੀ ਕੋਈ ਸੁਤੰਤਰ ਹੋਂਦ ਨਹੀਂ ਰਹਿੰਦੀ ਅਰਥਾਤ ਉਨ੍ਹਾਂ ਦੀ ਕਵਿਤਾ ਤੋਂ ਵੱਖਰੇ ਰੂਪ ਵਿਚ ਇਸ ਦੀ ਦੱਸ ਨਹੀਂ ਪਾਈ ਜਾ ਸਕਦੀ। ਅਪਹੁੰਚ ਵਿਸ਼ਵ ਉਨ੍ਹਾਂ ਦੀ ਕਵਿਤਾ ਵਿਚ ਓਤਪੋਤ ਹੈ। ਕੋਈ ਆਜ਼ਾਦ ਜਜ਼ਬਾ ਉਨ੍ਹਾਂ ਦੀ ਕਵਿਤਾ ਵਿਚ ਉਹੇ ਅਸਮਾਨਾਂ ਵਾਂਗ ਹਰ ਸੀਮਾ ਨੂੰ ਵੇਖਦਾ ਛਲਾਂ ਮਾਰ ਰਿਹਾ ਹੈ, ਲਫ਼ਜ਼ਾਂ ਵਿਚ ਇਸ ਤਰ੍ਹਾਂ ਟਿਕਿਆ ਹੈ ਕਿ ਕਿਸੇ ਹੋਰ ਤਰ੍ਹਾਂ ਟਿਕ ਨਹੀਂ ਸਕਦਾ ਅਤੇ ਇਸ ਤਰ੍ਹਾਂ ਅਜ਼ਾਦ ਹੈ ਕਿ ਇਸ ਦੀ ਹੋਰ ਆਜ਼ਾਦੀ ਸੋਚੀ ਨਹੀਂ ਜਾ ਸਕਦੀ।"*[10]

ਬੇਸ਼ੱਕ ਪੂਰਨ ਸਿੰਘ ਵਿਦੇਸ਼ੀ ਜਾ ਕੇ ਹੋਰਨਾਂ ਮਤਾਂ ਨੂੰ ਅਪਣਾ ਗਿਆ ਪਰ ਭਾਈ ਵੀਰ ਸਿੰਘ ਜੀ ਦੇ ਸੰਪਰਕ ਵਿਚ ਆ ਕੇ ਦੁਬਾਰਾ ਸਿੱਖ ਮਾਰਗ ਅਪਣਾ ਲਿਆ। ਸਿੱਖੀ ਧਾਰਨ ਕਰ ਪਿਛੋਂ ਉਹ ਆਖਦਾ ਹੈ-

*ਲੋਕੀਂ ਆਖਣ ਮਰ ਗਿਆ ਹਾਂ ਮੈਂ*
*ਮੈਂ ਮੋਯਾ ਤਾਂ ਨਹੀਂ ਸਾਂ*
*ਇਹ ਭੁਲੇਖਾ*[11]

ਇਸ ਤਰ੍ਹਾਂ ਇਹ ਆਖਿਆ ਜਾ ਸਕਦਾ ਹੈ ਕਿ ਪੂਰਨ ਸਿੰਘ ਦੇ ਹਿਰਦੇ ਵਿਚ ਗੁਰਮਤਿ ਭਾਈ ਵੀਰ ਸਿੰਘ ਜੀ ਦੇ ਮਾਧਿਅਮ ਨਾਲ ਪਹੁੰਚੀ। ਇਸੇ ਅਗੰਮੀ ਛੋਹ ਨੂੰ ਮਾਣ ਕੇ ਪੂਰਨ ਸਿੰਘ ਨੂੰ ਦੁਨੀਆਂ ਦੇ ਸਾਰੇ ਵਿਚਾਰ ਥੋਥੇ ਜਾਪਦੇ ਹਨ। ਗੁਰਮਤਿ ਵਿੱਚ ਅਨੇਕਾਂ ਅਸੂਲ ਹਨ ਜਿਵੇਂ- ਗੁਰੂ ਦਾ ਹੁਕਮ ਮੰਨਣਾ, ਗੁਰੂ ਦੀ ਸ਼ਰਨ ਲੈਣੀ,

ਗੁਰੂ ਦੀ ਰਜ਼ਾ ਵਿਚ ਰਹਿਣਾ ਆਦਿ। ਪੂਰਨ ਸਿੰਘ ਨੂੰ ਇਨ੍ਹਾਂ ਅਸੂਲਾਂ ਦਾ ਸੰਗਮ ਕਿਹਾ ਜਾ ਸਕਦਾ ਹੈ। ਉਹ ਆਖਦਾ ਹੈ-

*ਮੈਂ ਪਤੰਗ ਕਿਸੀ ਦੀ*
*ਡੋਰਾਂ ਵਾਲਾ ਖਿੱਚਦਾ*
*ਪਤੰਗ ਪਈ ਚੜ੍ਹਦੀ।* [12]

ਉਸ ਦਾ ਵਿਸ਼ਾਲ ਅਨੁਭਵ ਉਚੇ ਜੀਵਨ ਲਈ ਕਿਰਤ ਨੂੰ ਜਰੂਰੀ ਮੰਨਦਾ ਹੈ। ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ ਗੁਰਸਿੱਖ ਲਈ ਅਤਿ ਜ਼ਰੂਰੀ ਹਨ। ਪੂਰਨ ਸਿੰਘ ਨੇ ਇਨ੍ਹਾਂ ਸਿੱਖਿਆਵਾਂ ਨੂੰ ਅਪਣਾਇਆ ਹੀ ਨਹੀਂ ਬਲਕਿ ਆਪਣੀਆਂ ਰਚਨਾਵਾਂ ਰਾਹੀਂ ਦਰਸਾਇਆ ਵੀ ਹੈ। ਉਸ ਨੂੰ ਜੇ ਕਵਿਤਾ ਆਉਂਦੀ ਹੈ ਤਾਂ ਉਹ ਵੀ ਰੱਬ ਵੱਲੋਂ ਹੀ ਆਉਂਦੀ ਹੈ ਜਿਸਨੂੰ ਸੰਭਾਲਣਾ ਔਖਾ ਹੋ ਜਾਂਦਾ ਹੈ ਜਿਵੇਂ-

*ਅੱਖਰਾਂ ਦੇ ਅੱਖਰ ਮੇਰੇ*
*ਨਿੱਕੇ ਨਿੱਕੇ ਹੱਥਾਂ ਵਿਚੋਂ ਡਿਗ ਡਿਗ ਪੈਂਦੇ, ਦਾਤਾਂ ਵੱਡੀਆ*
*ਝਨਾਂ ਦੇ ਝਨਾਂ ਪਏ ਵਗਦੇ* [13]

ਪ੍ਰੋ. ਪੂਰਨ ਸਿੰਘ ਛੰਦਾ-ਬੰਦੀ ਦੀ ਨਵਾਬੀ ਜੁੱਤੀ ਦੀ ਕੈਦ ਤੋਂ ਮੁਕਤ ਹੋ ਕੇ ਨਵੇਂ ਛੰਦ "ਸੈਲਾਨੀ ਛੰਦ" ਵਿਚ ਕਾਵਿ-ਰਚਨਾ ਕਰਦਾ ਹੈ। ਉਹ ਪਹਿਲਾ ਮੁਕਤ ਛੰਦ ਅਪਣਾਉਂਣ ਵਾਲਾ ਕਵੀ ਸੀ। ਉਸ ਤੋਂ ਬਾਅਦ ਅਨੇਕਾਂ ਕਵੀਆਂ ਨੇ ਇਸ ਖੁੱਲ੍ਹੇਪਣ ਦੀ ਵਰਤੋਂ ਕੀਤੀ ਪਰ ਪੂਰਨ ਸਿੰਘ ਵਾਂਗ ਕੋਈ ਸਫ਼ਲ ਨਾ ਹੋਇਆ। ਪੂਰਨ ਸਿੰਘ ਦੀ ਕਵਿਤਾ ਵਿਚ ਅੰਤਾਂ ਦੀ ਰਵਾਨੀ ਅਤੇ ਭਾਵਾਂ ਦੇ ਹੜ ਸਨ। ਇਸ ਸੰਬੰਧੀ ਡਾ. ਹਰਿਭਜਨ ਸਿੰਘ ਦਾ ਮੰਨਣਾ ਹੈ,

*"ਪੂਰਨ ਸਿੰਘ ਸਾਡਾ ਪਹਿਲਾ ਕਾਵਿ ਸ਼ਾਸਤਰੀ ਹੈ। ਪੂਰਨ ਸਿੰਘ ਤੋਂ ਪਹਿਲਾਂ ਕਾਵਿ ਸ਼ਾਸਤਰ ਦੀ ਨਿਗੁਣੀ ਜਿਹੀ ਪਰੰਪਰਾ ਦਾ ਵੀ ਨਾ ਹੋਣਾ ਇਹ ਸੰਕੇਤ ਦਿੰਦਾ ਹੈ ਕਿ ਪੰਜਾਬ ਦੇ ਲੋਕ ਸੁਭਾਉ ਤੋਂ ਕਾਵਿ ਦੇ ਅਚੇਤ ਰਸੀਏ ਹਨ,ਉਹ ਨਾ ਤਾਂ ਸਚੇਤ ਕਵੀ ਸਨ ਨਾਂ ਸਚੇਤ ਕਾਵਿ ਚਿੰਤਕ"* [14]

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪੂਰਨ ਸਿੰਘ ਦੀ ਪੰਜਾਬੀ ਸਾਹਿਤ ਜਗਤ ਨੂੰ ਵੱਡੀ ਦੇਣ ਹੈ ਵਿਸ਼ੇਸ਼ਕ ਰੂਪਕ ਪੱਖ ਤੋਂ, ਕਵਿਤਾ ਸਿਰਜਣਾ ਲਈ ਸੈਲਾਨੀ ਛੰਦ ਦੀ ਕਾਢ ਪੂਰਨ ਸਿੰਘ ਦੀ ਹੀ ਹੈ। ਇਹ ਅਨੁਭਵ ਅਤੇ ਜਜ਼ਬੇ ਦੀ ਬਹੁਲਤਾ ਨਾਲ ਹੀ ਨਿਭਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. *ਕਸੇਲ, ਕਿਰਪਾਲ ਸਿੰਘ, ਪੂਰਨ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪੰਨਾ-5.*
2. *ਹਰਚਰਨ ਸਿੰਘ, (ਡਾ.), ਪ੍ਰੋਫੈਸਰ ਪੂਰਨ ਸਿੰਘ, ਪੰਜਾਬੀ ਯੂਨੀਵਰਸਿਟੀ, ਲੇਖ ਸੰਗ੍ਰਹਿ, ਪੰਨਾ-3*
3. *ਜਸ, ਜਸਵੰਤ ਸਿੰਘ,(ਪ੍ਰੋ.) ਪੂਰਨ ਸਿੰਘ ਦੀ ਕਾਵਿ ਕਲਾ, ਪੰਨਾ-01*
4. *ਪੂਰਨ ਸਿੰਘ,(ਪ੍ਰੋ.), ਖੁੱਲ੍ਹੇ ਮੈਦਾਨ, ਪੰਨਾ-18*
5. *ਓਹੀ, ਪੰਨਾ-30*
6. *ਓਹੀ,ਪੰਨਾ-28*
7. *ਓਹੀ,ਪੰਨਾ-19*
8. *ਓਹੀ,ਪੰਨਾ-32*
9. *ਸ਼ਾਨ, ਹਰਨਾਮ ਸਿੰਘ, (ਡਾ.) ਪੂਰਨ ਸਿੰਘ ਦੀ ਚੋਣਵੀਂ ਕਵਿਤਾ, ਪੰਨਾ-1*
10. *ਮਹਿਬੂਬ, ਹਰਿੰਦਰ ਸਿੰਘ, ਝਨਾਂ ਦੀ ਰਾਤ, ਪੰਨਾ-XXVII*
11. *ਜੀਵਨ ਸਿੰਘ (ਸੰਪਾ.) ਸਾਹਿਤ ਸਮਾਚਾਰ ਦਾ ਪੂਰਨ ਸਿੰਘ ਅੰਕ, ਪੰਨਾ-109*
12. *ਓਹੀ, ਪੰਨਾ -119*
13. *ਓਹੀ, ਪੰਨਾ -120*
14. *ਹਰਿਭਜਨ ਸਿੰਘ, (ਡਾ.), ਅਧਿਐਨ ਤੇ ਅਧਿਆਪਨ, ਨਵਚੇਤਨ ਪਬਲਿਸ਼ਰਜ, ਅੰਮ੍ਰਿਤਸਰ, ਪੰਨਾ-155*



### *Cite this Article-*

ਰਮਨਦੀਪ ਕੌਰ (Ramandeep Kaur), ਪ੍ਰੋ. ਪੂਰਨ ਸਿੰਘ ਦਾ ਸਾਰਿਤਕ, ਅਧਿਆਤਮਕ ਅਤੇ ਭਾਸ਼ਾਈ ਖੇਤਰ ਵਿਚ ਯੋਗਦਾਨ (Prof. Puran Singh Da Sahitak, Adhiyatamak Ate Bhashai Khetr Vich Yogdan*), ਅਰਮਾਨ (ARMAAN), ISSN: 2583-9446 (O), Volume 3, Issue 4, October-December 2025, Page: 61-64.*

*Journal URL:* www.armaan.org.in

*DOI:* https://doi.org/10.64119/armaan.vol.3.issue4.12



*This article is an open access article published under the terms and conditions of the Creative Commons Attribution (CC BY-NC 4.0) license.*
https://creativecommons.org/licenses/by-nc/4.0/